# ਗੱਲਾਂ ਦਾ ਕੜਾਹ

ਖ਼ਬਰਾਂ ਮੁਤਾਬਕ ਉਬਾਮਾ ਆਪਣੀ ਤਾਜਪੋਸ਼ੀ ਤੋਂ ਪਹਿਲਾਂ ਹੀ ਹਾਕਮ ਟੋਲੇ ਦੇ ਹੋਰਨਾਂ ਸਿਆਸਤਦਾਨਾਂ ਵਾਂਗ ਚੋਣਾਂ ਦੌਰਾਨ ਕੀਤੇ ਗਏ ਕਈ ਵਾਅਦਿਆਂ ਤੋਂ ਮੁੱਕਰ ਗਿਆ ਹੈ। ਮਿਸਾਲ ਦੇ ਤੌਰ ਤੇ ਚੋਣਾਂ ਦੌਰਾਨ ਉਸਨੇ ਵਾਅਦਾ ਕੀਤਾ ਸੀ ਕਿ ਪ੍ਰਧਾਨ ਬਣਨ ਦੇ ਬਾਦ ਉਹ ਜਾਰਜ ਬੁਸ਼ ਦੀ ਪ੍ਰਧਾਨਗੀ ਦੇ ਦੌਰ ਦੀ ਤਫ਼ਤੀਸ਼ ਅਤੇ ਘੋਖ ਕਰਾਵੇਗਾ ਤਾਂਕਿ ਜਿਹੜੇ ਵੀ ਗੈਰ ਕਾਨੂੰਨੀ, ਲੋਕਾਂ ਅਤੇ ਸੰਵਿਧਾਨ ਖ਼ਿਲਾਫ਼ ਕੰਮ ਜਾਰਜ ਬੁਸ਼ ਅਤੇ ਚੇਨੀ ਨੇ ਕੀਤੇ ਜਾਂ ਕਰਵਾਏ ਹਨ ਉਨ੍ਹਾਂ ਬਾਰੇ ਕੁਝ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ ਅਤੇ ਮੁਜਰਮਾਂ ਨੂੰ ਸਜ਼ਾ ਮਿਲੇ। ਪਰ ਆਪਣੀ ਤਾਜਪੋਸ਼ੀ ਤੋਂ ਪਹਿਲਾਂ ਹੀ ਉਸਨੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਕਿ ਉਹ ਭਵਿਖ ਬਾਰੇ ਸੋਚ ਰਿਹਾ ਹੈ ਨਾ ਕੀ ਬੀਤੇ ਬਾਰੇ, ਉਹ ਅਗਾਂਹ ਦੀ ਸੋਚ ਰਿਹਾ ਹੈ ਨਾਂ ਕਿ ਪਿਛਾਂਹ ਦੀ। ਇਹ ਫਿਕਰਾ ਹਾਕਮ ਟੋਲੇ ਦੇ ਸਿਆਸਤਦਾਨਾਂ ਦਾ ਬਹੁਤ ਹੀ ਪਸੰਦੀਦਾ ਫਿਕਰਾ ਹੈ। ਇਸ ਨਾਲ ਉਹ ਆਪਣੇ ਭਰਾਵਾਂ ਵਲੋਂ ਲੋਕਾਂ ਖਿਲਾਫ਼ ਕੀਤੇ ਗਏ ਜੁਰਮਾਂ ਉਤੇ ਮਿੱਟੀ ਪਾ ਦਿੰਦੇ ਹਨ। ਇਸੇ ਤਰਾਂ ਹੋਰ ਵੀ ਕਈ ਵਾਅਦੇ ਹਨ ਜਿਨ੍ਹਾਂ ਬਾਰੇ ਉਹ ਹੁਣ ਆਪਣਾ ਰਵੱਈਆ ਬਦਲ ਰਿਹਾ ਹੈ। ਇਸ ਬਾਰੇ ਉਬਾਮਾ ਦੇ ਕਈ ਹਿਮਾਇਤੀਆਂ ਵਿਚ ਕਾਫ਼ੀ ਬੇਚੈਨੀ ਫੈਲ ਰਹੀ ਹੈ। ਕੁਝ ਨੌਜਵਾਨਾਂ ਨੇ ਜਿਨ੍ਹਾਂ ਨੇ ਪਹਿਲੀ ਬਾਰੀ ਵੋਟਾਂ ਇਸੇ ਕਰਕੇ ਪਾਈਆਂ ਸਨ ਕਿ ਉਬਾਮਾ ਹੋਰਨਾਂ ਸਿਆਸਤਦਾਨਾਂ ਨਾਲੋਂ ਸ਼ਾਇਦ ਵਖਰਾ ਹੋਵੇ ਉਹ ਕਾਫ਼ੀ ਨਾਮੋਸ਼ ਹੋ ਰਹੇ ਹਨ। ਉਨ੍ਹਾਂ ਦੇ ਕੁਝ ਸਾਥੀ ਉਨ੍ਹਾਂ ਨੂੰ ਦਿਲਾਸਾ ਦੇ ਰਹੇ ਹਨ ਕਿ ਚਲੋ ਜਾਰਜ ਬੁਸ਼ ਤੋਂ ਅਤੇ ਉਸਦੇ ਟੋਲੇ ਤੋਂ ਤਾਂ ਜਾਨ ਛੁੱਟੀ ਜਿਨ੍ਹਾਂ ਨੇ ਬਹੁਤ ਹੀ ਅੱਤ ਚੁੱਕੀ ਹੋਈ ਸੀ। ਇਹ ਕੋਈ ਨਵੀਂ ਗੱਲ ਨਹੀ ਕਿ ਉਬਾਮਾ ਆਪਣੇ ਵਾਅਦਿਆਂ ਤੋਂ ਮੁੱਕਰ ਰਿਹਾ ਹੈਂ। ਸਿਆਸਤਦਾਨ ਇੰਜ ਹੀ ਕਰਦੇ ਹੁੰਦੇ ਹਨ।

ਲਿਬਰਲ ਜਮਹੁਰੀਅਤ ਦਾ ਇਹ ਇਕ ਅਨਿਖੜਵਾਂ ਖਾਸਾ ਹੈ। ਚੋਣਾਂ ਦੌਰਾਨ ਸਿਆਸਤਦਾਨ ਜੋ ਵਾਅਦੇ ਕਰਦੇ ਹਨ ਚੋਣਾਂ ਦੇ ਬਾਦ ਕੰਮ ਉਨ੍ਹਾਂ ਤੋਂ ਉਲਟ ਹੀ ਕਰਦੇ ਹਨ। ਚੋਣਾਂ ਦੌਰਾਨ ਕੀਤੇ ਹੋਏ ਵਾਅਦਿਆਂ ਦਾ ਕੋਈ ਮਾਅਨਾ ਹੀ ਨਹੀਂ ਹੁੰਦਾ। ਚੋਣਾਂ ਦੌਰਾਨ ਉਹ ਉਨ੍ਹਾਂ ਗੱਲਾਂ ਦੇ ਵਾਅਦੇ ਕਰਦੇ ਹਨ ਜਿਨ੍ਹਾਂ ਦੀ ਲੋਕਾਂ ਨੂੰ ਲੋੜ ਹੁੰਦੀ ਹੈ। ਉਹ ਹਮੇਸ਼ਾ ਲੋਕਾਂ ਦੀਆਂ ਲੋੜਾਂ ਅਤੇ ਸੱਧਰਾਂ ਦੀਆਂ ਕਸਮਾਂ ਖਾਂਦੇ ਨਹੀਂ ਥੱਕਦੇ। ਪਰ ਚੋਣਾਂ ਦੇ ਨਤੀਜੇ ਬਾਦ ਉਹ ਕੰਮ ਆਪਣੇ ਵਾਅਦਿਆਂ ਤੋਂ ਉਲਟ ਹੀ ਕਰਦੇ ਹਨ। ਮਿਸਾਲ ਦੇ ਤੌਰ ਤੇ ਅਮਰੀਕਾ ਵਿਚ ਪਿਛਲੀਆਂ ਕਈ ਚੋਣਾਂ ਵਿਚ ਹਰ ਉੱਮੀਦਵਾਰ ਮਾਅਸ਼ੀਅਤ ਜਾਂ ਆਰਥਕਤਾ ਬਾਰੇ ਬਹੁਤ ਹੀ ਵਾਅਦੇ ਕਰਦਾ ਆਇਆ ਹੈ ਪਰ ਮਾਅਸ਼ੀਅਤ ਦਾ ਬੁਰਾ ਹਾਲ ਹੀ ਹੁੰਦਾ ਰਿਹਾ ਹੈ। ਆਮ ਲੋਕਾਂ ਦੇ ਰਹਿਣ ਸਹਿਣ ਦਾ ਪੱਧਰ ਹੇਠਾਂ ਹੀ ਡਿਗਦਾ ਜਾ ਰਿਹਾ ਹੈ।ਬੇਰੁਜ਼ਗਾਰੀ ਬਹੁਤ ਹੀ ਵੱਧ ਗਈ ਹੈ। ਇਕ ਖੋਜ ਮੁਤਾਬਿਕ ਪਿਛਲੇ 30 ਸਾਲਾਂ ਵਿਚ ਲੋਕਾਂ ਦੀ ਅਸਲੀ ਆਮਦਨ ਘਟੀ ਹੈ ਜਦ ਕਿ ਕੀਮਤਾਂ ਬਹੁਤ ਵੱਧ ਗਈਆਂ ਹਨ। ਲੋਕਾਂ ਸਿਰ ਕਰਜ਼ੇ ਬਹੁਤ ਹੀ ਵੱਧ ਗਏ ਹਨ। ਲੋਕਾਂ ਦੇ ਦਵਾਲੇ ਨਿਕਲ ਗਏ ਹਨ। ਉਨ੍ਹਾਂ ਦੀਆਂ ਕੁਰਕੀਆਂ ਹੋ ਰਹੀਆਂ ਹਨ। ਉਨ੍ਹਾਂ ਦੀਆਂ ਨੌਕਰੀਆਂ ਅਤੇ ਘਰ ਖੁੱਸ ਗਏ ਹਨ। ਪਰ ਹਰ ਪ੍ਰਧਾਨ ਮਾਅਸ਼ੀਅਤ ਨੂੰ ਸੁਧਾਰਨ ਬਾਰੇ, ਇਸਨੂੰ ਬੇਹਤਰ ਬਣਾਉਣ ਅਤੇ ਲੋਕਾਂ ਦੀ ਖ਼ੁਸ਼ਹਾਲੀ ਬਾਰੇ ਵੱਧ ਚੜ ਕੇ ਗੱਲਾਂ ਕਰਦਾ ਹੈ ਪਰ ਲੋਕਾਂ ਦਾ ਹਾਲ ਬਦ ਤੋਂ ਬਦਤਰ ਹੁੰਦਾ ਜਾਂਦਾ ਹੈ। ਜਾਰਜ ਬੁਸ਼ ਨੇ ਵੀ ਮਾਅਸ਼ੀਅਤ ਅਤੇ ਅਮਨ ਬਾਰੇ ਨਾਅਰੇਬਾਜ਼ੀ ਕੀਤੀ ਸੀ ਪਰ ਉਸਦੇ ਕੰਮ ਉਸ ਤੋਂ ਉਲਟ ਹੀ  ਸਨ।

ਮਾਅਸ਼ੀਅਤ ਬਾਰੇ ਨਾਅਰੇ ਲਾਕੇ ਇਹ ਲਾਣਾ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦਾ ਹੈ। ਮਾਅਸ਼ੀਅਤ ਕੋਈ ਇਹੋ ਜਿਹੀ ਵਸਤ ਨਹੀਂ ਜਿਸ ਨੂੰ ਇਕ ਬੰਦਾ ਜਾਂ ਕੁਝ ਬੰਦੇ ਮੰਤਰ ਮਾਰਕੇ ਠੀਕ ਕਰ ਸਕਦੇ ਹਨ। ਮਾਅਸ਼ੀਅਤ ਦੇ ਆਪਣੇ ਕਾਨੂੰਨ ਹੁੰਦੇ ਹਨ ਅਤੇ ਆਪਣੇ ਮਸਲੇ ਹੁੰਦੇ ਹਨ। ਮਿਸਾਲ ਦੇ ਤੌਰ ਤੇ ਮਾਅਸ਼ੀਅਤ ਦਾ ਇਕ ਬੁਨੀਆਦੀ  ਅਸੂਲ ਹੈ ਕਿ ਜਿਹੜੀ  ਚੀਜ਼ ਪੈਦਾ ਨਹੀਂ ਕੀਤੀ ਗਈ ਉਹ ਵੰਡੀ  ਨਹੀਂ ਜਾ ਸਕਦੀ। ਦੂਜੀ ਗੱਲ ਇਹ ਹੈ ਕਿ ਮਾਅਸ਼ੀਅਤ ਦਾ ਟੀਚਾ ਕੀ ਹੈ? ਕੀ ਸਮਾਜ ਵਿਚ ਪੈਦਾਇਸ਼ ਲੋਕਾਂ ਦੀਆਂ ਲੋੜਾਂ ਪੂਰੀ ਕਰਨ ਲਈ ਪੈਦਾ ਕੀਤੀ ਜਾਂਦੀ ਹੈ ਜਾਂ ਹਾਕਮ ਟੋਲੇ ਦੇ ਮੁਨਾਫ਼ੇ ਵੱਧ ਤੋਂ ਵੱਧ ਕਰਨ ਲਈ? ਕੋਈ ਇਕ ਨਵਾਂ ਲੀਡਰ ਆਕੇ ਮਾਅਸ਼ੀਅਤ ਦੀ ਦਿਸ਼ਾ ਨਹੀਂ ਬਦਲ ਸਕਦਾ। ਅਰਥਚਾਰੇ ਦੀ ਦਿਸ਼ਾ ਤਾਂ ਹਮੇਸ਼ਾ ਹਾਕਮ ਜਮਾਤਾਂ ਹੀ ਤੈਅ ਕਰਦੀਆਂ ਹਨ। ਇਸ ਗੱਲ ਨੂੰ ਛੁਪਾਉਣ ਲਈ ਉਬਾਮਾ ਅਤੇ ਇਹਦੇ ਵਰਗੇ ਹੋਰ ਹਾਕਮ ਟੋਲੇ ਦੇ ਨੁਮਾਇੰਦੇ ਵੱਢੇ ਵੱਢੇ ਵਾਅਦੇ ਚੋਣਾਂ ਵਿਚ ਕਰਦੇ ਹਨ। ਪਤਾ ਇਨ੍ਹਾਂ ਨੂੰ ਵੀ ਹੁੰਦਾ ਹੈ ਕਿ ਚੋਣਾਂ ਬਾਦ ਹੋਣਾ ਹਾਣਾ ਕੁਝ  ਨਹੀਂ ਪਰ ਇਨ੍ਹਾਂ ਵਾਅਦਿਆਂ ਨੂੰ ਇਹ ਚੋਣਾਂ ਜਿੱਤਣ ਲਈ ਆਪਣੀ ਲੋੜ ਸਮਝਦੇ ਹਨ ਅਤੇ ਇਸ ਲਈ ਇਹ ਕੋਈ ਵੀ ਵਾਅਦਾ ਕਰਨ ਵਿਚ ਗੁਰੇਜ਼ ਅਤੇ ਸ਼ਰਮ ਨਹੀਂ ਕਰਦੇ ਅਤੇ ਨਾਂ ਹੀ ਇਹ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਲੋਕਾਂ ਨੂੰ ਜਵਾਬਦੇਹ ਹੁੰਦੇ ਹਨ ਅਤੇ ਨਾਂ ਹੀ ਇਹ ਆਪਣੇ ਆਪ ਨੂੰ ਜਵਾਬਦੇਹ ਸਮਝਦੇ ਹਨ।

ਇਸੇ ਤਰਾਂ ਜੰਗ ਬਾਰੇ ਫੈਸਲੇ ਵੀ ਹਾਕਮ ਜਮਾਤਾਂ ਹੀ ਕਰਦੀਆਂ ਹਨ। ਇਹ ਉਨ੍ਹਾਂ ਦੀ ਲੋੜ ਹੁੰਦੀ ਹੈ। ਅਜੋਕੇ ਦੌਰ ਵਿਚ ਜੰਗ ਇਕ ਬਹੁਤ ਹੀ ਵਧੀਆ ਤਰੀਕਾ ਮੁਨਾਫ਼ੇ ਵਧਾਉਣ ਦਾ ਬਣ ਗਿਆ ਹੈ। ਹਾਕਮ ਜਮਾਤਾਂ ਜੰਗ ਰਾਹੀਂ ਬੇਹੱਦ ਮੁਨਾਫ਼ੇ ਕਮਾਂਉਦੀਆਂ ਹਨ। ਇਰਾਕ ਦੀ ਜੰਗ ਤੋਂ ਹੈਲੀਬਰਟਨ ਅਤੇ ਕਈ ਹੋਰ ਕੰਪਨੀਆਂ ਨੇ ਅਰਬਾਂ ਖਰਬਾਂ ਡਾਲਰ ਕਮਾਏ ਹਨ। ਇਸ ਲਈ ਉਬਾਮਾ ਜਾਂ ਕੋਈ ਹੋਰ ਸ਼ਖਸ ਹਾਕਮ ਟੋਲੇ ਦੀ ਰਜ਼ਾਮੰਦੀ ਬਗੈਰ ਇਹ ਫੈਸਲੇ ਨਾਂ ਤਾਂ ਕਰ ਸਕਦਾ ਹੈ ਅਤੇ ਨਾਂ ਹੀ ਬਦਲ ਸਕਦਾ ਹੈ। ਪਰ ਕਿਉਂਕਿ ਅਮਰੀਕਾ ਦੇ ਆਮ ਲੋਕ ਜੰਗ ਦੇ ਖ਼ਿਲਾਫ਼ ਹਨ ਅਤੇ ਅਮਨ ਚਾਹੁੰਦੇ ਹਨ ਤਾਂ ਉਬਾਮਾ ਨੂੰ ਚੋਣਾਂ ਦੌਰਾਨ ਜੰਗ ਖਿਲਾਫ਼ ਨਾਅਰੇਬਾਜ਼ੀ ਕਰਨੀ ਹੀ ਪਈ ਵਰਨਾ ਜਿੱਤ ਨਹੀਂ ਸੀ ਸਕਦਾ। ਪਰ ਜੰਗ ਬਾਰੇ

ਉਹ ਹਾਕਮ ਜਮਾਤਾਂ ਦੀ ਮਰਜ਼ੀ ਬਗੈਰ ਕਰ ਕੁਝ ਨਹੀਂ ਸਕਦਾ। ਹਾਕਮ ਜਮਾਤਾਂ ਆਪਣੇ ਮੁਨਾਫ਼ੇ ਹਰ ਤਰੀਕੇ ਨਾਲ ਵਧਾਉਣਾ ਚਾਹੁੰਦੀਆਂ ਹਨ। ਇਸ ਲਈ ਉਨ੍ਹਾਂ ਨੂੰ ਜੰਗ ਦੀ ਲੋੜ ਹੈ। ਪਰ ਉਬਾਮਾ ਇਹ ਗੱਲ ਲੋਕਾਂ ਨੂੰ ਦੱਸ ਨਹੀਂ ਸੀ ਸਕਦਾ। ਕਿਉਂਕਿ ਜੇ ਉਹ ਸੱਚਾਈ ਵੱਲ ਇਸ਼ਾਰਾ ਵੀ ਕਰੇਗਾ ਤਾਂ ਉਸ ਦਾ ਕੁਝ ਨਹੀਂ ਰਹਿਣਾ। ਸਦਰ ਤਾਂ ਦੂਰ ਰਿਹਾ ਉਸ ਨੂੰ ਸੰਤਰੀ ਦੀ ਵੀ ਨੌਕਰੀ ਔਖੀ ਹੀ ਮਿਲੇਗੀ। ਅਮਰੀਕੀ  ਹਾਕਮ ਜਮਾਤਾਂ ਦੇ ਹੱਥ ਅਮਰੀਕਨ ਸਾਮਰਾਜ ਬਾਰੇ ਸੱਚਾਈ ਦੱਸਣ ਵਾਲਿਆਂ ਦੇ ਖ਼ੂਨ ਨਾਲ ਵੀ ਰੰਗੇ ਹੋਏ ਹਨ। ਉਬਾਮਾ ਨੂੰ ਇਸ ਗੱਲ ਦਾ ਗਿਆਨ ਹੈ ਅਤੇ ਉਹ ਮੂਰਖ ਨਹੀਂ ਹੈ।

ਇਸ ਲਈ ਉਬਾਮਾ ਦੀ ਤਾਜਪੋਸ਼ੀ ਤੋਂ ਕੋਈ ਜ਼ਿਆਦਾ ਆਸ ਨਹੀਂ ਸੀ ਕੀਤੀ ਜਾ ਸਕਦੀ। ਹਾਂ ਕੁਝ ਇਸ਼ਤਿਹਾਰਾਂ ਦੇ ਫੱਟੇ ਜ਼ਰੂਰ ਬਦਲ ਗਏ, ਕੁਝ ਚੇਹਰੇ ਬਦਲ ਗਏ। ਪਰ ਕੋਈ ਐਸੀ ਗੱਲ ਨਹੀਂ ਹੋਈ ਤੇ ਨਾ ਹੋਣੀ ਹੀ ਸੀ ਜਿਸ ਦੀ ਲੋਕਾਂ ਨੂੰ ਲੋੜ ਹੈ। ਅਮਰੀਕਨ ਲੋਕ ਜੋ ਮਾਅਸ਼ੀਅਤ ਬਾਰੇ ਫਿਕਰਮੰਦ ਹਨ ਉਨ੍ਹਾਂ ਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਆਵੇਗਾ। ਉਬਾਮਾ ਨੇ ਆਪ ਹੀ ਕਹਿ ਦਿੱਤਾ ਹੈ ਕਿ ਹਾਲਾਤ ਸੁਧਰਣ ਤੋਂ ਪਹਿਲਾਂ ਹੋਰ ਬਿਗੜਨਗੇ। ਉਬਾਮਾ ਦੀ ਟੀਮ ਦੇ ਮਾਅਸ਼ੀਅਤ ਦੇ ਮਾਹਿਰ ਰੋਮਰ ਅਤੇ ਬਰਨਸ਼ਟੀਨ ਨੇ ਇਕ ਰਿਪੋਰਟ ਪੇਸ਼ ਕੀਤੀ ਹੈ ਜਿਸ ਮੁਤਾਬਿਕ ਉਬਾਮਾ ਦੀ ਬੇਰੁਜ਼ਗਾਰੀ ਬਾਰੇ ਯੋਜਨਾ ਦਾ ਬੇਰੁਜ਼ਗਾਰੀ ਤੇ ਜ਼ਿਆਦਾ ਫਰਕ ਨਹੀਂ ਪਵੇਗਾ। ਇਸੇ ਤਰਾਂ ਲੋਕ ਜੰਗ ਦੀ ਥਾਂ ਦੇ ਅਮਨ ਚਾਹੁੰਦੇ ਹਨ, ਉਹ ਗੱਲ ਵੀ  ਨਹੀਂ ਹੋਵੇਗੀ।